## ਅਧਿਆਇ 12

# ਅੱਯੂਬ ਦਾ ਉੱਤਰ

## (ਭਾਗ 1)

### ਅੱਯੂਬ ਤੇ ਦੋਸ਼ ਲਾਉਣ ਵਾਲਿਆਂ ਨੂੰ ਤਾੜਨਾ (12:1-12)

ਅੱਯੂਬ ਦੀ ਇਸ ਗੱਲਬਾਤ ਵਿਚ ਮਿਜਾਜ਼ ਵਿਚ ਇਕ ਬਦਲਾਅ ਮਹਿਸੂਸ ਕੀਤਾ ਗਿਆ ਹੈ। ਪਹਿਲਾਂ, ਉਸ ਦੀਆਂ ਗੱਲਬਾਤਾਂ ਵਿਚ ਨਿਰਾਸ਼ਾ ਅਤੇ ਗੁੱਸਾ ਸੀ। ਇਸ ਗੱਲਬਾਤ ਵਿਚ ਇਕ ਸ਼ਾਂਤ ਸੁਰ ਹੈ ਜਦੋਂ ਅੱਯੂਬ ਨੇ ਉਸ ਗੱਲ ਦਾ ਵਿਰੋਧ ਕੀਤਾ ਜੋ ਕਿਹਾ ਗਿਆ ਸੀ, ਨਾ ਸਿਰਫ ਸੋਫ਼ਰ ਦੁਆਰਾ, ਬਲਕਿ ਤਿੰਨਾਂ ਮਿੱਤਰਾਂ ਦੁਆਰਾ।

#### "ਮੈਂ ਆਪਣੇ ਗੁਆਂਢੀ ਲਈ ਹਾਸੀ ਹਾਂ" (12:1-6)

**1ਤਾਂ ਅੱਯੂਬ ਨੇ ਉੱਤਰ ਦੇ ਕੇ ਆਖਿਆ, 2ਬੇਸ਼ੱਕ ਤੁਸੀਂ ਤਾਂ ਓਹ ਲੋਕ ਹੋ, ਜਿਨ੍ਹਾਂ ਦੇ ਨਾਲ**
**ਬੁੱਧੀ ਮਰ ਜਾਵੇਗੀ! 3ਪਰ ਮੇਰਾ ਵੀ ਤੁਹਾਡੇ ਜਿਹਾ ਮਨ ਹੈ, ਮੈਂ ਤੁਹਾਡੇ ਨਾਲੋਂ ਰਿਹਾ ਹੋਇਆ**
**ਨਹੀਂ, ਅਤੇ ਕੌਣ ਹੈ ਜੋ ਅਜੇਹੀਆਂ ਗੱਲਾਂ ਨਹੀਂ ਜਾਣਦਾ? 4ਮੈਂ ਆਪਣੇ ਗੁਆਂਢੀ ਲਈ ਹਾਸੀ**
**ਹਾਂ, ਮੈਂ ਜਿਹਨੇ ਪਰਮੇਸ਼ੁਰ ਨੂੰ ਪੁਕਾਰਿਆ ਤੇ ਉਸ ਉੱਤਰ ਦਿੱਤਾ, ਮੈਂ ਧਰਮੀ ਅਤੇ ਖਰਾ ਜਨ**
**ਹਾਸੀ ਹੀ ਹਾਂ। 5ਬਿਪਤਾ ਲਈ ਸੁਖੀਏ ਦੇ ਖਿਆਲ ਵਿੱਚ ਘਿਣ ਹੈ, ਉਹ ਉਨ੍ਹਾਂ ਲਈ ਤਿਆਰ**
**ਹੈ ਜਿਨ੍ਹਾਂ ਦੇ ਪੈਰ ਤਿਲਕਣ ਨੂੰ ਹਨ। 6ਲੁਟੇਰਿਆਂ ਦੇ ਤੰਬੂ ਸਫਲ ਰਹਿੰਦੇ ਹਨ, ਅਤੇ**
**ਪਰਮੇਸ਼ੁਰ ਨੂੰ ਗੁੱਸਾ ਚੜ੍ਹਾਉਣ ਵਾਲੇ ਸਲਾਮਤ ਰਹਿੰਦੇ ਹਨ, ਜਿਨ੍ਹਾਂ ਦੇ ਹੱਥ ਵਿੱਚ ਪਰਮੇਸ਼ੁਰ**
**ਬਹੁਤ ਦਿੰਦਾ ਹੈ।**

**ਆਇਤਾਂ 1, 2.** ਸੋਫ਼ਰ ਨੂੰ ਦਿੱਤੇ ਗਏ ਅੱਯੂਬ ਦੇ ਉੱਤਰ ਵਿਚ ਵਿਅੰਗ ਵੇਖਿਆ ਜਾਂਦਾ ਹੈ। ਦਰਅਸਲ, ਅੱਯੂਬ ਨੇ ਤਿੰਨਾਂ ਮਿੱਤਰਾਂ ਨੂੰ ਉੱਤਰ ਦਿੱਤਾ ਸੀ ਜਿਵੇਂ ਕਿ ਬਹੁਵਚਨ ਪੜਨਾਂਵ "ਤੁਸੀਂ" ਦੁਆਰਾ ਦਰਸਾਇਆ ਗਿਆ ਹੈ। **ਤੁਸੀਂ ਤਾਂ ਉਹ ਲੋਕ ਹੋ** ਵਿਸ਼ੇਸ਼ ਵਰਗ - ਸਮਾਜ ਦੇ ਵਿਸ਼ੇਸ਼ ਲੋਕਾਂ ਬਾਰੇ ਦੱਸਦਾ ਸੀ। **ਜਿਨ੍ਹਾਂ ਦੇ ਨਾਲ ਬੁੱਧੀ ਮਰ ਜਾਵੇਗੀ!** ਅੱਯੂਬ ਨੇ ਉਨ੍ਹਾਂ ਦੇ ਬੇਫਿਕਰੇ ਦਾਅਵਿਆਂ ਵਿਚ ਉੱਤਮਤਾ ਦਾ ਇਕ ਵਧੇਰੇ ਭਰੋਸੇ ਵਾਲਾ ਰਵੱਈਆ ਪਾਇਆ।

**ਆਇਤ 3. ਪਰ ਮੇਰਾ ਵੀ ਤੁਹਾਡੇ ਜਿਹਾ ਮਨ ਹੈ।** "ਮਨ" ਸ਼ਬਦ ਸ਼ਾਬਦਿਕ ਰੂਪ ਵਿਚ "ਦਿਲ" (לֵבָב, *ਲੀਬਾਬ)* ਹੈ। ਦਿਲ ਇਬਰਾਨੀ ਲੋਕਾਂ ਲਈ "ਭਾਵਨਾ, ਸੋਚ, ਜਾਂ ਇੱਛਾ" ਦਾ ਕੇਂਦਰ ਸੀ।[1] ਇਸ ਸ਼ਬਦ ਦੀ ਵਰਤੋਂ ਇਸ ਭਾਵ ਵਿਚ ਵਚਨ ਵਿਚ ਅਕਸਰ ਕੀਤੀ ਜਾਂਦੀ ਹੈ। **ਕੌਣ ਹੈ ਜੋ ਅਜੇਹੀਆਂ ਗੱਲਾਂ ਨਹੀਂ ਜਾਣਦਾ?** ਬਦਲਾ ਨਿਆਂ ਸੰਬੰਧੀ ਮਿੱਤਰਾਂ ਦੇ ਦਾਅਵੇ ਪੁਰਾਣੇ ਸਮਿਆਂ ਵਿਚ ਪ੍ਰਸਿੱਧ ਕਹਾਵਤਾਂ ਸਨ।

**ਆਇਤ 4.** ਅੱਯੂਬ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਹ **ਆਪਣੇ ਗੁਆਂਢੀ ਲਈ ਹਾਸੀ**

ਸੀ। ਕਿਸੇ ਨੂੰ ਵੀ ਜਦੋਂ ਕੋਈ ਉਸ ਤੇ ਹੱਸਦਾ ਹੈ ਜਾਂ ਜਨਤਕ ਬੇਇੱਜ਼ਤੀ ਨੂੰ ਸਹਿਣਾ ਪਸੰਦ ਨਹੀਂ ਹੁੰਦਾ। ਪਰ, ਪੁਰਾਤਨ ਸਮਿਆਂ ਵਿਚ ਇਹ ਸੰਭਵ ਤੌਰ ਤੇ ਸਭ ਤੋਂ ਵੱਡੀ ਬਦਨਾਮੀ ਸੀ (ਉਤਪਤ 38:23; ਜ਼ਬੂਰਾਂ 31:11; 44:13-15; 69:10-12; ਯਿਰਮਿਯਾਹ 20:7; ਵਿਰਲਾਪ 3:14)।[2]

**ਜਿਹਨੇ ਪਰਮੇਸ਼ੁਰ ਨੂੰ ਪੁਕਾਰਿਆ ਤੇ ਉਸ ਉੱਤਰ ਦਿੱਤਾ।** "ਪੁਕਾਰਿਆ" (קָרָא, *ਕੋਰ)* ਸ਼ਬਦ ਇਕ ਕਿਰਦੰਤ ਹੈ ਜੋ ਚੱਲ ਰਹੀ ਗਤੀਵਿਧੀ ਨੂੰ ਦਰਸਾਉਂਦਾ ਹੈ। ਭੂਮਿਕਾ ਵਿਚ, ਅੱਯੂਬ ਨੂੰ ਇਕ ਧਾਰਮਿਕ ਮਨੁੱਖ ਦੱਸਿਆ ਗਿਆ ਹੈ ਜਿਸ ਨੇ ਇਸ ਸ਼ੱਕ ਤੇ ਵੀ ਪਰਮੇਸ਼ੁਰ ਅੱਗੇ ਬਲੀ ਚੜ੍ਹਾਈ ਕਿ ਉਸ ਦੇ ਬੱਚਿਆ ਨੇ ਪਾਪ ਕੀਤਾ ਹੈ (1:5)। ਅੱਯੂਬ ਨੇ ਪਰਮੇਸ਼ੁਰ ਨਾਲ ਨੇੜਤਾ ਵਿਚ ਕੀਤੀ ਗਈ ਇਸ ਸੰਗਤੀ ਨੂੰ ਯਾਦ ਕੀਤਾ ਜੋ ਉਸ ਨੇ ਵਧੇਰੇ ਖੁਸ਼ਹਾਲ ਸਮੇਂ ਵਿਚ ਕੀਤੀ ਸੀ; ਇਹ ਉਹ ਸੀ ਜਿਸ ਤੋਂ ਉਹ ਸਭ ਤੋਂ ਜ਼ਿਆਦਾ ਖੁੰਝ ਗਿਆ ਸੀ। **ਮੈਂ ਧਰਮੀ ਅਤੇ ਖਰਾ ਜਨ ਹਾਸੀ ਹੀ ਹਾਂ।** ਜਿਵੇਂ ਪਹਿਲਾਂ ਟਿੱਪਣੀ ਕੀਤੀ ਗਈ ਸੀ, "ਧਰਮੀ ਅਤੇ ਖਰਾ" ਅੱਯੂਬ ਬਾਰੇ ਪਰਮੇਸ਼ੁਰ ਦਾ ਆਪਣਾ ਅਨੁਮਾਨ ਸੀ (1:8; 2:3)। ਅੱਯੂਬ ਨੇ ਆਪਣੇ ਭੋਲੇਪਣ ਦੇ ਚਾਨਣ ਵਿਚ ਆਪਣੀ ਦੁਰਦਸ਼ਾ ਦੀ ਅਸਮਰਥਤਾ ਨੂੰ ਵੇਖਿਆ।

**ਆਇਤ 5.** ਜਿਨ੍ਹਾਂ ਨੇ ਵੱਡਾ ਦੁੱਖ ਨਹੀਂ ਝੱਲਿਆ ਹੈ ਉਨ੍ਹਾਂ ਲਈ ਉਨ੍ਹਾਂ ਬਿਪਤਾਵਾਂ ਨੂੰ ਖਾਰਜ ਕਰਨਾ - ਅਤੇ ਸ਼ਾਇਦ ਮਖੌਲ ਉਡਾਉਣਾ ਵੀ - ਸੌਖਾ ਹੈ ਜੋ ਦੂਜੇ ਲੋਕ ਝੱਲਦੇ ਹਨ (ਜ਼ਬੂਰ 123:4)। ਇਸ ਦੀ ਬਜਾਇ, ਸਾਨੂੰ "ਰੋਣ ਵਾਲਿਆਂ ਨਾਲ ਰੋਣ" (ਰੋਮੀਆਂ 12:15) ਅਤੇ "ਇੱਕ ਦੂਏ ਦੇ ਭਾਰ ਚੁੱਕਣਾ" (ਗਲਾਤੀਆਂ 6:2) ਸਿੱਖਣਾ ਚਾਹੀਦਾ ਹੈ।

**ਆਇਤ 6.** ਜਦੋਂ ਅੱਯੂਬ ਨੇ ਕਿਹਾ ਕਿ **ਲੁਟੇਰਿਆਂ ਦੇ ਤੰਬੂ ਸਫਲ ਰਹਿੰਦੇ ਹਨ**, ਸ਼ਾਇਦ ਉਸ ਦੇ ਮਨ ਵਿਚ ਸਬਾ ਦੇ ਲੋਕ ਅਤੇ ਕਸਦੀ ਸਨ ਜਿਨ੍ਹਾਂ ਨੇ ਉਸ ਦੇ ਬਲਦ, ਗਧੀਆਂ ਅਤੇ ਊਠ ਖੋਹ ਲਏ ਸਨ ਅਤੇ ਉਸ ਦੇ ਨੌਕਰਾਂ ਚਾਕਰਾਂ ਨੂੰ ਵੀ ਜਾਨੋਂ ਮਾਰ ਦਿੱਤਾ ਸੀ (1:14, 15, 17)। ਉਸ ਨੇ ਇਸ ਅਵਸਥਾ ਨੂੰ ਨਕਾਰਿਆ ਕਿ ਦੁਸ਼ਟ ਹਮੇਸ਼ਾ ਉਨ੍ਹਾਂ ਦੇ ਪਾਪ ਦੇ ਨਤੀਜੇ ਭੁਗਤਦੇ ਹਨ। ਅਸਲ ਵਿਚ ਉਹ ਕਈ ਵਾਰ "ਸਫਲ" ਅਤੇ **ਸਲਾਮਤ ਰਹਿੰਦੇ ਹਨ।** ਬਦਲੇ ਵਾਲਾ ਨਿਆਂ ਹਮੇਸ਼ਾ ਇਸ ਜ਼ਿੰਦਗੀ ਵਿਚ ਨਹੀਂ ਵੇਖਿਆ ਜਾਂਦਾ ਹੈ। ਅਸੀਂ ਜਾਣਦੇ ਹਾਂ ਕਿ "ਸਾਡੇ ਵਿੱਚੋਂ ਹਰੇਕ ਨੇ ਪਰਮੇਸ਼ੁਰ ਨੂੰ ਆਪੋ ਆਪਣਾ ਲੇਖਾ ਦੇਣਾ ਹੈ" (ਰੋਮੀਆਂ 14:12)। ਪਰ, ਇਹ ਆਖ਼ਰੀ ਨਿਆਂ ਵਿਚ ਆਵੇਗਾ।

## ਪਰਮੇਸ਼ੁਰ ਦੇ ਗਿਆਨ ਅਤੇ ਸ਼ਕਤੀ ਨੂੰ ਰਚਨਾ ਵਿਚ ਵੇਖਿਆ ਗਿਆ (12:7-12)

**7ਪਰੰਤੂ ਡੰਗਰਾਂ ਤੋਂ ਪੁੱਛ ਅਤੇ ਓਹ ਤੈਨੂੰ ਸਿਖਾਉਣਗੇ, ਅਤੇ ਅਕਾਸ਼ ਦੇ ਪੰਛੀਆਂ ਤੋਂ, ਓਹ ਤੈਨੂੰ ਦੱਸਣਗੇ, 8ਯਾ ਧਰਤੀ ਨਾਲ ਗੱਲ ਕਰ, ਉਹ ਤੈਨੂੰ ਸਿਖਾਵੇਗੀ, ਅਤੇ ਸਮੁੰਦਰ ਦੀਆਂ ਮੱਛੀਆਂ ਤੇਰੇ ਲਈ ਨਿਰਨਾ ਕਰਨਗੀਆਂ। 9ਇਨ੍ਹਾਂ ਸਾਰਿਆਂ ਵਿੱਚੋਂ ਕੌਣ ਨਹੀਂ ਜਾਣਦਾ, ਭਈ ਯਹੋਵਾਹ ਦੇ ਹੱਥ ਨੇ ਏਹ ਕੀਤਾ ਹੈ? 10ਜਿਹ ਦੇ ਹੱਥ ਵਿੱਚ ਹਰ ਇੱਕ ਜੀਉਂਦੇ ਦੇ ਪ੍ਰਾਣ ਹਨ, ਅਤੇ ਹਰ ਇੱਕ ਬਸ਼ਰ ਦਾ ਆਤਮਾ ਵੀ। 11ਭਲਾ, ਕੰਨ ਗੱਲਾਂ ਨੂੰ ਪਰਖ ਨਹੀਂ ਲੈਂਦਾ, ਜਿਵੇਂ ਤਾਲੂ ਆਪਣੇ ਖਾਣੇ ਦਾ ਸੁਆਦ ਚੱਖ ਲੈਂਦਾ ਹੈ? 12ਬੁੱਢਿਆਂ ਵਿੱਚ ਬੁੱਧੀ ਹੁੰਦੀ ਹੈ, ਅਤੇ ਦਿਨਾਂ ਦੀ ਲੰਮਾਈ ਵਿੱਚ ਸਮਝ ਹੈ।**

**ਆਇਤਾਂ 7-10.** ਅੱਯੂਬ ਨੇ ਇਹ ਵਿਖਾਉਣ ਲਈ ਕਿ ਇਨਾਮ ਅਤੇ ਸਜ਼ਾਵਾਂ ਚਰਿੱਤਰ ਦੇ ਅਨੁਸਾਰ ਨਹੀਂ ਵੰਡੀਆਂ ਜਾਂਦੀਆਂ ਸ੍ਰਿਸ਼ਟੀ ਦੇ ਸਬੂਤ ਦਾ ਸੰਕੇਤ ਕੀਤਾ। ਉਦਾਹਰਣਾਂ ਲਈ

ਉਸ ਨੇ ਖੇਤ ਦੇ **ਡੰਗਰਾਂ, ਅਕਾਸ਼ ਦੇ ਪੰਛੀਆਂ** ਅਤੇ **ਸਮੁੰਦਰ ਦੀਆਂ ਮੱਛੀਆਂ** ਦੀ ਵਰਤੋਂ ਕੀਤੀ। ਅੱਯੂਬ ਅਤੇ ਉਸ ਦੇ ਮਿੱਤਰਾਂ ਸਭ ਨੂੰ ਵਿਸ਼ਵਾਸ ਸੀ ਕਿ ਯਹੋਵਾਹ ਇਤਹਾਸ ਅਤੇ ਸਾਰੀ ਹੋਂਦ ਨੂੰ ਨਿਯੰਤ੍ਰਿਤ ਕਰਦਾ ਹੈ ਅਤੇ ਹਰੇਕ ਜੀਵ ਨੂੰ **ਪ੍ਰਾਣ** ਅਤੇ **ਆਤਮਾ** ਦਿੰਦਾ ਹੈ (27:3; 33:4; ਵੇਖੋ ਰਸੂਲਾਂ ਦੇ ਕਰਤੱਬ 17:25)। ਅੱਯੂਬ ਅਤੇ ਉਸ ਦੇ ਮਿੱਤਰਾਂ ਦੀ ਗੱਲਬਾਤ ਵਿਚ ਸਿਰਫ ਇਹੋ ਇਕ ਥਾਂ ਹੈ ਜਿੱਥੇ "ਯਹੋਵਾਹ" (יהוה, *YHWH),* ਜਾਂ "ਯਾਹਵੇਹ" ਨਾਮ ਆਉਂਦਾ ਹੈ। ਪਰ, ਇਹ ਰੱਬੀ ਨਾਮ ਭੂਮਿਕਾ (1:1-2:13) ਅਤੇ ਉਪਸੰਹਾਰ (42:1-17) ਵਿਚ ਅਕਸਰ ਆਉਂਦਾ ਹੈ ਅਤੇ ਇਹ ਪੁਸਤਕ ਦੇ ਅੰਤ ਦੇ ਨੇੜੇ ਪਰਮੇਸ਼ੁਰ ਅਤੇ ਅੱਯੂਬ ਵਿਚਕਾਰ ਵਾਰਤਾਲਾਪ ਦੀ ਜਾਣ-ਪਛਾਣ ਕਰਵਾਉਣ ਲਈ ਵਰਤਿਆ ਜਾਂਦਾ ਹੈ (38:1; 40:1, 3, 6)।

**ਆਇਤ 11. ਭਲਾ, ਕੰਨ ਗੱਲਾਂ ਨੂੰ ਪਰਖ ਨਹੀਂ ਲੈਂਦਾ, ਜਿਵੇਂ ਤਾਲੂ ਆਪਣੇ ਖਾਣੇ ਦਾ ਸੁਆਦ ਚੱਖ ਲੈਂਦਾ ਹੈ?** ਅੱਯੂਬ ਦੇ ਅਲੰਕਾਰਕ ਪ੍ਰਸ਼ਨ ਨੇ ਆਪਣੇ ਮਿੱਤਰਾਂ ਨੂੰ ਰਚਨਾ ਤੋਂ ਸਿੱਖਣ ਦੀ ਚੁਣੌਤੀ ਦਿੱਤੀ ਸੀ (12:7, 8)। ਕਿਸੇ ਚੀਜ਼ ਨੂੰ "ਚੱਖਣਾ" ਇਕ ਇਬਰਾਨੀ ਸ਼ਬਦਾਵਲੀ ਸੀ ਜਿਸ ਨੂੰ ਇਹ ਨਿਰਧਾਰਤ ਕਰਨ ਲਈ ਵਰਤਿਆ ਜਾਂਦਾ ਸੀ ਕਿ ਇਹ ਸੱਚ ਸੀ ਜਾਂ ਗਲਤ (ਜ਼ਬੂਰ 34:8; 119:103)।

**ਆਇਤ 12.** ਇਕ ਲੇਖਕ ਨੇ **ਬੁੱਢਿਆਂ** ਅਤੇ **ਦਿਨਾਂ ਦੀ ਲੰਮਾਈ** ਨੂੰ ਪਰਮੇਸ਼ੁਰ ਦਾ ਹਵਾਲਾ ਦੇਣ ਵਜੋਂ ਵੇਖਿਆ: "*ਬੁੱਢਾ* ਅਤੇ *ਲੰਮੇ ਜੀਵਨ ਵਾਲਾ*।"[3] ਹਾਲਾਂਕਿ, ਭਾਵ ਇਹ ਜਾਪਦਾ ਹੈ ਕਿ ਅਸੀਂ ਉਨ੍ਹਾਂ ਬਜ਼ੁਰਗਾਂ ਤੋਂ ਉਮੀਦ ਕਰਾਂਗੇ ਜਿਨ੍ਹਾਂ ਨੇ ਲੰਬੇ ਸਮੇਂ ਲਈ ਉਸ ਜੀਵਨ ਤੋਂ ਅਨੁਭਵ ਪ੍ਰਾਪਤ ਕੀਤਾ ਸੀ ਜੋ ਬੁੱਧੀ ਪੈਦਾ ਕਰੇਗਾ। ਪੁਰਾਤਨ ਬੁੱਧ ਚੀਜ਼ਾਂ ਦੇ ਧਿਆਨ ਨਾਲ ਨਿਗਰਾਨੀ ਤੇ ਅਧਾਰਤ ਸੀ।

## ਪਰਮੇਸ਼ੁਰ ਦੀ ਸ਼ਕਤੀ ਪਰਗਟ ਕੀਤੀ ਗਈ (12:13-25)

**[13]ਪਰਮੇਸ਼ੁਰ ਦੇ ਨਾਲ ਬੁੱਧ ਤੇ ਸਮਰੱਥ ਹੈ, ਉਹ ਦੇ ਕੋਲ ਸਲਾਹ ਤੇ ਸਮਝ ਹੈ। [14]ਵੇਖੋ, ਉਹ ਢਾਹ ਸੁੱਟਦਾ ਤੇ ਉਹ ਬਣਾਇਆ ਨਹੀਂ ਜਾ ਸੱਕਦਾ, ਉਹ ਮਨੁੱਖ ਉੱਤੇ ਬੰਧਨ ਪਾਉਂਦਾ ਹੈ ਤੇ ਉਹ ਖੁੱਲ੍ਹ ਨਹੀਂ ਸੱਕਦਾ। [15]ਵੇਖੋ, ਉਹ ਪਾਣੀਆਂ ਨੂੰ ਰੋਕ ਲੈਂਦਾ ਹੈ ਤੇ ਓਹ ਸੁੱਕ ਜਾਂਦੇ ਹਨ, ਫੇਰ ਉਹ ਉਨ੍ਹਾਂ ਨੂੰ ਘੱਲਦਾ ਹੈ ਤੇ ਓਹ ਧਰਤੀ ਉਲਦ ਦਿੰਦੇ ਹਨ। [16]ਉਹ ਦੇ ਨਾਲ ਸ਼ਕਤੀ ਤੇ ਦਨਾਈ ਹੈ, ਧੋਖਾ ਦੇਣ ਵਾਲਾ ਤੇ ਧੋਖਾ ਖਾਣ ਵਾਲਾ ਉਹ ਦੇ ਹਨ, [17]ਜੋ ਦਰਬਾਰੀਆਂ ਨੂੰ ਨੰਗੇ ਪੈਰੀਂ ਤੁਰਾਉਂਦਾ ਹੈ, ਅਤੇ ਨਿਆਈਆਂ ਨੂੰ ਬੁਧੂ ਬਣਾਉਂਦਾ ਹੈ, [18]ਉਹ ਰਾਜਿਆਂ ਦੇ ਬੰਧਨਾਂ ਨੂੰ ਖੋਲ੍ਹ ਦਿੰਦਾ ਹੈ, ਅਤੇ ਉਨ੍ਹਾਂ ਦੇ ਲੱਕਾਂ ਉੱਤੇ ਲੰਗੋਟੀਆਂ ਬੰਨ੍ਹ ਦਿੰਦਾ ਹੈ। [19]ਉਹ ਜਾਜਕਾਂ ਨੂੰ ਨੰਗੇ ਪੈਰੀਂ ਤੁਰਾਉਂਦਾ ਹੈ, ਅਤੇ ਤਕੜਿਆਂ ਨੂੰ ਉਲਟਾ ਦਿੰਦਾ ਹੈ। [20]ਉਹ ਵਫ਼ਾਦਾਰਾਂ ਦੇ ਬੁੱਲ੍ਹ ਬੰਦ ਕਰ ਦਿੰਦਾ, ਅਤੇ ਬਜ਼ੁਰਗਾਂ ਦਾ ਬਿਬੇਕ ਲੈ ਲੈਂਦਾ ਹੈ। [21]ਉਹ ਪਤਵੰਤਾਂ ਉੱਤੇ ਘਿਣ ਡੋਹਲ ਦਿੰਦਾ ਹੈ, ਅਤੇ ਜੋਰਾਵਰਾਂ ਦਾ ਕਮਰ ਕੱਸਾ ਢਿੱਲਾ ਕਰ ਦਿੰਦਾ ਹੈ। [22]ਉਹ ਅਨ੍ਹੇਰੇ ਦੀਆਂ ਡੂੰਘੀਆਂ ਗੱਲਾਂ ਨੰਗੀਆਂ ਕਰ ਦਿੰਦਾ ਹੈ, ਅਤੇ ਮੌਤ ਦੇ ਸਾਯੇ ਨੂੰ ਚਾਨਣੇ ਵਿੱਚ ਬਾਹਰ ਲੈ ਆਉਂਦਾ ਹੈ। [23]ਉਹ ਕੌਮਾਂ ਨੂੰ ਵਧਾਉਂਦਾ ਅਤੇ ਉਨ੍ਹਾਂ ਨੂੰ ਨਾਸ ਕਰਦਾ ਹੈ, ਉਹ ਕੌਮਾਂ ਨੂੰ ਫੈਲਾਉਂਦਾ ਅਤੇ ਉਨ੍ਹਾਂ ਨੂੰ ਮੋੜ ਲੈ ਆਉਂਦਾ ਹੈ, [24]ਉਹ ਦੇਸ਼ ਦੇ ਲੋਕਾਂ ਦੇ ਮੁਖੀਆਂ ਦੀ ਮੱਤ ਨੂੰ ਲੈ ਲੈਂਦਾ ਹੈ, ਅਤੇ ਉਨ੍ਹਾਂ ਨੂੰ ਸੁੰਞੇ ਥਾਂ ਵਿੱਚ ਭਟਕਾਉਂਦਾ ਹੈ ਜਿੱਥੇ ਕੋਈ ਰਾਹ ਨਹੀਂ, [25]ਓਹ ਅਨ੍ਹੇਰੇ ਵਿੱਚ ਬਿਨਾ ਚਾਨਣ ਤੋਂ ਟੋਹੰਦੇ ਫਿਰਦੇ ਹਨ, ਉਹ ਉਨ੍ਹਾਂ ਨੂੰ ਸ਼ਰਾਬੀ ਵਾਂਙੁ ਭਟਕਾਉਂਦਾ ਹੈ।**

**ਆਇਤ 13. ਪਰਮੇਸ਼ੁਰ ਦੇ ਨਾਲ ਬੁੱਧ ਤੇ ਸਮਰੱਥ ਹੈ, ਉਹ ਦੇ ਕੋਲ ਸਲਾਹ ਤੇ ਸਮਝ ਹੈ।** ਬੁੱਧ ਦੇ ਸਾਰੇ ਪਹਿਲੂ ਪਰਮੇਸ਼ੁਰ ਦੇ ਹਨ। ਯਸਾਯਾਹ ਨੇ ਵੀ ਮਸੀਹਾ ਦਾ ਇੰਨਾ ਸ਼ਬਦਾਂ ਵਿਚ ਵਰਣਨ ਕੀਤਾ: "ਯਹੋਵਾਹ ਦਾ ਆਤਮਾ ਉਸ ਉੱਤੇ ਠਹਿਰੇਗਾ, ***ਬੁੱਧ ਤੇ ਸਮਝ*** ਦਾ ਆਤਮਾ, ***ਸਲਾਹ ਤੇ ਸਮਰੱਥਾ*** ਦਾ ਆਤਮਾ, ਯਹੋਵਾਹ ਦੇ ਗਿਆਨ ਅਤੇ ਭੈ ਦਾ ਆਤਮਾ" (ਯਸਾਯਾਹ 11:2; ਜ਼ੋਰ ਦਿੱਤਾ ਗਿਆ ਹੈ)। ਪਰਮੇਸ਼ੁਰ ਕੋਲ ਕਾਰਜ ਕਰਨ ਦੀ ਯੋਜਨਾ ਬਣਾਉਣ ਦੀ "ਬੁੱਧੀ" ਹੈ ਅਤੇ ਇਸ ਨੂੰ ਲਾਗੂ ਕਰਨ ਦੀ "ਸਮਰੱਥਾ" ਹੈ।

14 ਤੋਂ 25 ਆਇਤਾਂ ਕੁਦਰਤ ਅਤੇ ਮਨੁੱਖੀ ਸੰਬੰਧਾਂ ਵਿਚ ਪਰਮੇਸ਼ੁਰ ਦੀ "ਬੁੱਧ ਅਤੇ ਸਮਰੱਥਾ" ਦਾ ਉਦਾਹਰਣ ਦਿੰਦੀਆਂ ਹਨ। ਅੱਯੂਬ ਨੇ ਪਰਮੇਸ਼ੁਰ ਦੇ ਕੰਮਾਂ ਦੀ ਇਕ ਲੜੀ ਪੇਸ਼ ਕੀਤੀ ਜੋ ਜ਼ਿੰਦਗੀ ਦੇ ਸਾਰੇ ਪਹਿਲੂਆਂ ਤੇ ਉਸ ਦੀ ਪ੍ਰਭੂਤਾ ਨੂੰ ਪ੍ਰਦਰਸ਼ਿਤ ਕਰਦੀ ਹੈ। ਅੱਯੂਬ ਦੀ ਪਰਮੇਸ਼ੁਰ ਬਾਰੇ ਧਾਰਣਾ ਤਿੰਨ ਮਿੱਤਰਾਂ ਤੋਂ ਕਿਤੇ ਸਰੇਸ਼ਟ ਹੈ।

**ਆਇਤ 14. ਵੇਖੋ, ਉਹ ਢਾਹ ਸੁੱਟਦਾ ਹੈ ਤੇ ਉਹ ਬਣਾਇਆ ਨਹੀਂ ਜਾ ਸੱਕਦਾ।** ਪਰਮੇਸ਼ੁਰ ਕੋਲ ਨਾਸ ਕਰਨ ਦੀ ਸ਼ਕਤੀ ਹੈ, ਭਾਵੇਂ ਇਹ ਇਮਾਰਤਾਂ, ਸ਼ਹਿਰ, ਲੋਕ, ਜਾਂ ਕੌਮਾਂ ਹੋਣ (ਯਿਰਮਿਯਾਹ 19:11, 12)। ਪਰਮੇਸ਼ੁਰ ਨੇ ਹੰਕਾਰੀ ਲੋਕਾਂ ਦੀਆਂ ਯੋਜਨਾਵਾਂ ਨੂੰ ਨਾਕਾਮ ਕਰ ਦਿੱਤਾ ਜੋ ਬਾਬਲ ਦਾ ਬੁਰਜ ਬਣਾ ਰਹੇ ਸਨ (ਉਤਪਤ 11:1-9), ਸਦੂਮ ਅਤੇ ਅਮੂਰਾਹ ਦੇ ਦੁਸ਼ਟ ਸ਼ਹਿਰਾਂ ਨੂੰ ਭਸਮ ਕਰ ਦਿੱਤਾ (ਉਤਪਤ 19:1-29) ਅਤੇ ਬਾਅਦ ਵਿਚ ਯਰੀਹੋ ਦੀਆਂ ਕੰਧਾਂ ਨੂੰ ਢਾਹ ਦਿੱਤਾ (ਯਹੋਸ਼ੁਆ 6)।

**ਬੰਧਨ ਪਾਉਂਦਾ ਹੈ** (סָגַר, *ਸਾਗਰ)* ਕਿਰਿਆ ਸੋਫ਼ਰ ਦੀ ਪਹਿਲੀ ਗੱਲਬਾਤ ਨੂੰ ਯਾਦ ਕਰਾਉਂਦੀ ਹੈ ਜਿੱਥੇ NASB ਬਾਈਬਲ ਇਸੇ ਸ਼ਬਦ ਦਾ ਅਨੁਵਾਦ "ਬੰਦ ਕਰ ਦੇਵੇ" ਵਜੋਂ ਕਰਦੀ ਹੈ (11:10 ਤੇ ਟਿੱਪਣੀਆਂ ਵੇਖੋ)। ਇਹ ਤੱਥ ਕਿ **ਉਹ ਖੁੱਲ੍ਹ ਨਹੀਂ ਸੱਕਦਾ** ਪਰਮੇਸ਼ੁਰ ਦੇ ਆਖ਼ਰੀ ਅਧਿਕਾਰ ਨੂੰ ਦਰਸਾਉਂਦਾ ਹੈ (ਵੇਖੋ ਯਸਾਯਾਹ 22:22; ਪਰਕਾਸ਼ ਦੀ ਪੋਥੀ 3:7)।

**ਆਇਤ 15.** ਪਰਮੇਸ਼ੁਰ ਮੀਂਹ ਉੱਤੇ ਸ਼ਕਤੀ ਰੱਖਦਾ ਹੈ (ਜ਼ਬੂਰ 107:33-35)। ਉਹ **ਪਾਣੀਆਂ** ਨੂੰ ਰੋਕ ਸਕਦਾ ਹੈ ਅਤੇ ਸੋਕਾ ਪਾ ਸਕਦਾ ਹੈ, ਜਿਵੇਂ ਕਿ ਏਲੀਯਾਹ ਦੇ ਦਿਨਾਂ ਵਿਚ ਹੋਇਆ ਸੀ (1 ਰਾਜਿਆਂ 17:1, 7; ਯਾਕੂਬ 5:17, 18)। ਉਹ **ਧਰਤੀ ਨੂੰ ਉਲਦ** ਸਕਦਾ ਹੈ, ਜਿਵੇਂ ਕਿ ਨੂਹ ਦੇ ਸਮੇਂ ਜਲ ਪਰਲੋ ਦੇ ਦੌਰਾਨ ਹੋਇਆ ਸੀ (ਉਤਪਤ 7:17-24)।

**ਆਇਤ 16. ਸ਼ਕਤੀ ਤੇ ਦਨਾਈ** ਦੀਆਂ ਧਾਰਣਾਵਾਂ ਆਇਤ 13 ਵਿੱਚੋਂ ਦੁਹਰਾਈਆਂ ਗਈਆਂ ਹਨ। ਰੌਬਰਟ ਐਲ. ਐਲਡਨ ਨੇ ਟਿੱਪਣੀ ਕੀਤੀ ਕਿ **ਧੋਖਾ ਦੇਣ ਵਾਲਾ ਤੇ ਧੋਖਾ ਖਾਣ ਵਾਲਾ** "ਮਨੁੱਖਤਾ ਦੀ ਪੂਰਨਤਾ ਨੂੰ ਦਰਸਾਉਂਦਾ ਇਕ ਚਰਮ" ਹੈ।[4] ਦੂਜੇ ਸ਼ਬਦਾਂ ਵਿਚ, ਦੁਨੀਆ ਵਿਚ ਰਹਿਣ ਵਾਲੇ ਸਾਰੇ ਲੋਕ ਪਰਮੇਸ਼ੁਰ ਦੇ ਹਨ ਅਤੇ ਉਸ ਦੀ ਪ੍ਰਭੂਤਾ ਦੇ ਅਧੀਨ ਹਨ।

**ਆਇਤ 17. ਜੋ ਦਰਬਾਰੀਆਂ ਨੂੰ ਨੰਗੇ ਪੈਰੀਂ ਤੁਰਾਉਂਦਾ ਹੈ।** ਪਰਮੇਸ਼ੁਰ ਕੋਲ ਬੁੱਧੀਮਾਨਾਂ ਦੀ ਬੁੱਧ ਨੂੰ ਹਰਾਉਣ ਦੀ ਸ਼ਕਤੀ ਹੈ। "ਦਰਬਾਰੀਆਂ" ਸ਼ਬਦ ਅਕਸਰ ਉਨ੍ਹਾਂ ਦਾ ਹਵਾਲਾ ਦਿੰਦਾ ਹੈ ਜਿਹੜੇ ਰਾਜਿਆਂ ਨੂੰ ਸਲਾਹ ਦਿੰਦੇ ਹਨ। "ਨੰਗੇ ਪੈਰੀਂ" (שׁוֹלָל, *ਸ਼ੋਲਾਲ)* ਦਾ ਅਨੁਵਾਦ "ਲੁੱਟਿਆ ਗਿਆ" (NKJV), "ਨੰਗਾ ਕੀਤਾ ਗਿਆ" (NIV), ਜਾਂ "ਨੰਗਾ" (NJPSV) ਵੀ ਕੀਤਾ ਜਾ ਸਕਦਾ ਹੈ। ਵਿਚਾਰ ਇਹ ਹੋ ਸਕਦਾ ਹੈ ਕਿ ਪਰਮੇਸ਼ੁਰ ਉਨ੍ਹਾਂ ਦੀ ਬੁੱਧ ਨੂੰ ਲੁੱਟ ਲੈਂਦਾ ਹੈ (ਵੇਖੋ NJB) ਜਾਂ ਇਹ ਕਿ ਉਹ ਉਨ੍ਹਾਂ ਨੂੰ ਪਾਗਲ ਲੋਕਾਂ ਦੇ ਵਾਂਗ ਨੰਗੇ ਭਟਕਣ ਦਿੰਦਾ ਹੈ (ਵੇਖੋ NEB)। ਇਨ੍ਹਾਂ ਵਿੱਚੋਂ ਕੋਈ ਵੀ ਵਿਚਾਰ ਦੂਜੀ ਪੰਗਤੀ ਦੇ ਬਰਾਬਰ ਹੈ: **ਅਤੇ ਨਿਆਈਆਂ ਨੂੰ ਬੁਧੂ ਬਣਾਉਂਦਾ ਹੈ।**

**ਆਇਤ 18. ਉਹ ਰਾਜਿਆਂ ਦੇ ਬੰਧਨਾਂ ਨੂੰ ਖੋਲ੍ਹ ਦਿੰਦਾ ਹੈ।** "ਰਾਜਿਆਂ ਦੇ ਬੰਧਨ" ਜਾਂ

ਤਾਂ "ਰਾਜਿਆਂ ਦੁਆਰਾ ਥੋਪੇ ਗਏ ਬੰਧਨਾਂ" (NEB) ਜਾਂ "ਰਾਜਿਆਂ ਦੀਆਂ ਪੇਟੀਆਂ" (NJB) ਦਾ ਹਵਾਲਾ ਦੇ ਸਕਦਾ ਹੈ। ਜੇ "ਰਾਜਿਆਂ ਦੀਆਂ ਪੇਟੀਆਂ ਨੂੰ ਖੋਲ੍ਹ ਦਿੰਦਾ ਹੈ" ਸਹੀ ਹੈ, ਤਾਂ ਸ਼ਾਇਦ ਦੂਜੀ ਪੰਗਤੀ (**ਉਨ੍ਹਾਂ ਦੇ ਲੱਕਾਂ ਉੱਤੇ ਲੰਗੋਟੀਆਂ ਬੰਨ੍ਹ ਦਿੰਦਾ ਹੈ**) ਰੂਪਕ ਦੇ ਉਲਟ ਹੈ। ਵਿਚਾਰ ਇਹ ਹੋ ਸਕਦਾ ਹੈ ਕਿ ਪਰਮੇਸ਼ੁਰ "ਰਾਜਿਆਂ ਨੂੰ ਹਟਾਉਂਦਾ ਤੇ ਅਸਥਾਪਦਾ ਹੈ" (ਦਾਨੀਏਲ 2:21)। ਇਸ ਸਿਧਾਂਤ ਦੀ ਇਕ ਉੱਤਮ ਉਦਾਹਰਣ ਬਾਬਲ ਦੇ ਰਾਜਾ ਨਬੂਕਦਨੱਸਰ ਦਾ ਹਟਾਇਆ ਜਾਣਾ ਅਤੇ ਮੁੜ ਸਥਾਪਤ ਕੀਤਾ ਜਾਣਾ ਹੈ (ਦਾਨੀਏਲ 4)।

**ਆਇਤ 19. ਉਹ ਜਾਜਕਾਂ ਨੂੰ ਨੰਗੇ ਪੈਰੀਂ ਤੁਰਾਉਂਦਾ ਹੈ, ਅਤੇ ਤਕੜਿਆਂ ਨੂੰ ਉਲਟਾ ਦਿੰਦਾ ਹੈ।** ਇਸਰਾਏਲ ਅਤੇ ਲੇਵੀਆਂ ਦਾ ਜਾਜਕਪੁਣਾ ਬਣਨ ਤੋਂ ਪਹਿਲਾਂ "ਜਾਜਕ" ਹੁੰਦੇ ਸਨ (ਉਤਪਤ 14:18; ਕੂਚ 3:1; 18:1, 10-12)। ਜਾਜਕ ਓਪਰੇ ਧਰਮਾਂ ਵਿਚ ਵੀ ਹੁੰਦੇ ਸਨ (ਉਤਪਤ 41:45; 47:22)। "ਤਕੜਿਆਂ" ਉਨ੍ਹਾਂ ਮਨੁੱਖਾਂ ਦਾ ਹਵਾਲਾ ਹੋ ਸਕਦਾ ਹੈ ਜਿਹੜੇ "ਮਨੁੱਖ ਖਾਨਦਾਨੀ ਅਹੁਦਿਆਂ ਜਾਂ ਰੁਤਬਿਆਂ ਤੇ ਸਥਾਪਤ ਕੀਤੇ ਗਏ ਸਨ।"[5] ਇਕ ਹੋਰ ਸੰਭਾਵਨਾ ਇਹ ਵੀ ਹੈ ਕਿ ਉਹ "ਮੰਦਿਰ ਵਿਚ ਸੇਵਾ ਕਰਨ ਵਾਲੇ ਨੌਕਰ" ਸਨ (NJPSV)। ਪਰਮੇਸ਼ੁਰ ਕੋਲ ਇਹੋ ਜਿਹਆਂ ਮਨੁੱਖਾਂ ਨੂੰ ਬੇਇੱਜ਼ਤ ਕਰਨ ਅਤੇ ਉਨ੍ਹਾਂ ਦੇ ਅਹੁਦਿਆਂ ਤੋਂ ਹਟਾਉਣ ਦੀ ਸ਼ਕਤੀ ਹੈ।

**ਆਇਤ 20.** ਪਰਮੇਸ਼ੁਰ ਸਮਾਜ ਦੇ ਉਨ੍ਹਾਂ ਮੈਂਬਰਾਂ ਦੀ ਬੁੱਧ ਨੂੰ ਚੁੱਪ ਕਰਾ ਸਕਦਾ ਹੈ ਜਿਨ੍ਹਾਂ ਤੇ ਅਕਸਰ ਉਨ੍ਹਾਂ ਦੀ ਸਲਾਹ ਅਤੇ ਮੁਹਾਰਤ ਲਈ ਭਰੋਸਾ ਕੀਤਾ ਜਾਂਦਾ ਹੈ। **ਵਫ਼ਾਦਾਰਾਂ** ਸ਼ਬਦ **ਬਜ਼ੁਰਗਾਂ** ਦੇ ਸਮਾਨ ਹੈ।

**ਆਇਤ 21.** ਜਿਹੜੇ ਮਨੁੱਖਾਂ ਵਿਚ ਸ਼ਕਤੀਸ਼ਾਲੀ ਮੰਨੇ ਜਾਂਦੇ ਹਨ ਉਨ੍ਹਾਂ ਕੋਲ ਪਰਮੇਸ਼ੁਰ ਵਿਰੁੱਧ ਕੋਈ ਸ਼ਕਤੀ ਨਹੀਂ ਹੈ, ਭਾਵੇਂ **ਪਤਵੰਤਾਂ** ("ਰਾਜਕੁਮਾਰਾਂ"; ਜ਼ਬੂਰ 107:40) ਜਾਂ **ਜ਼ੋਰਾਵਰਾਂ**। ਐਲਡਨ ਨੇ ਲਿਖਿਆ, "ਪਰਮੇਸ਼ੁਰ ਉਸ ਦੀ ਫੌਜੀ ਪੇਟੀ ਨੂੰ ਖੋਲ੍ਹ ਦਿੰਦਾ ਹੈ ਜਿਸ ਨੇ ਲੱਕ ਨਾਲ ਪੇਟੀ ਬੰਨ੍ਹੀ ਹੋਈ ਹੈ, NIV ਬਾਈਬਲ ਵਿਚ ਲਿਖਿਆ ਹੈ 'ਸ਼ਕਤੀਸ਼ਾਲੀ ਨੂੰ ਨਿਹੱਥਾ ਕਰ ਦਿੰਦਾ ਹੈ।'"[6]

**ਆਇਤ 22. ਉਹ ਅਨ੍ਹੇਰੇ ਦੀਆਂ ਡੂੰਘੀਆਂ ਗੱਲਾਂ ਨੰਗੀਆਂ ਕਰ ਦਿੰਦਾ ਹੈ, ਅਤੇ ਮੌਤ ਦੇ ਸਾਯੇ ਨੂੰ ਚਾਨਣੇ ਵਿੱਚ ਬਾਹਰ ਲੈ ਆਉਂਦਾ ਹੈ।** ਸੰਸਾਰ ਦੇ ਅਰੰਭ ਤੋਂ, ਪਰਮੇਸ਼ੁਰ ਚਾਨਣ ਨੂੰ ਹਨੇਰੇ ਤੋਂ ਦੂਰ ਕਰ ਰਿਹਾ ਹੈ (ਉਤਪਤ 1:3)। ਦਾਨੀਏਲ ਨਬੀ ਨੇ ਕਿਹਾ, "ਉਹ ਡੂੰਘੀਆਂ ਤੇ ਛਿਪੀਆਂ ਹੋਈਆਂ ਗੱਲਾਂ ਨੂੰ ਪਰਗਟ ਕਰਦਾ ਹੈ, ਅਤੇ ਜੋ ਕੁਝ ਅਨ੍ਹੇਰੇ ਵਿੱਚ ਹੈ ਉਹ ਨੂੰ ਜਾਣਦਾ ਹੈ, ਅਤੇ ਚਾਨਣ ਉਸੇ ਦੇ ਨਾਲ ਵੱਸਦਾ ਹੈ" (ਦਾਨੀਏਲ 2:22)।

**ਆਇਤ 23.** ਪਰਮੇਸ਼ੁਰ ਦੀ ਪ੍ਰਭੂਤਾ ਸੰਸਾਰ ਦੀਆਂ **ਕੌਮਾਂ** ਉੱਤੇ ਫੈਲੀ ਹੋਈ ਹੈ (ਰਸੂਲਾਂ ਦੇ ਕਰਤੱਬ 17:26)। ਇਹ ਸਿਧਾਂਤ ਬਾਬਲ, ਮਾਦੀ-ਫਾਰਸੀ, ਯੂਨਾਨੀ ਅਤੇ ਰੋਮੀ ਸਾਮਰਾਜ ਦੇ ਉਦੇ ਅਤੇ ਪਤਨ ਦੇ ਨਾਲ ਪ੍ਰਮਾਣਿਤ ਹੁੰਦਾ ਹੈ (ਦਾਨੀਏਲ 2:31-45)। ਬਾਬਲ ਦੇ ਰਾਜੇ ਬੇਲਟਸ਼ੱਸਰ ਨੇ ਕੰਧ ਉੱਤੇ ਲਿਖਤ ਵੇਖੀ ਜੋ ਦਰਸਾਉਂਦੀ ਸੀ ਕਿ "ਪਰਮੇਸ਼ੁਰ ਨੇ [ਉਸ ਦੇ] ਰਾਜ ਦਾ ਲੇਖਾ ਕੀਤਾ ਅਤੇ [ਉਹ ਦਾ] ਛੇਕੜ ਕਰ ਦਿੱਤਾ" (ਦਾਨੀਏਲ 5:26; NIV)। ਕੌਮਾਂ ਅਤੇ ਉਨ੍ਹਾਂ ਦੇ ਆਗੂਆਂ ਉੱਤੇ ਪਰਮੇਸ਼ੁਰ ਦੀ ਪ੍ਰਭੂਤਾ ਸੰਬੰਧੀ, ਐਲਡਨ ਨੇ ਕਿਹਾ, "ਸ਼ਤਰੰਜ ਦੇ ਪਿਆਦਿਆਂ ਵਾਂਗ ਉਹ ਉਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਅੱਗੇ ਵਧਾਉਂਦਾ ਹੈ।"[7]

**ਆਇਤਾਂ 24, 25. ਮੁਖੀਆਂ** ਸ਼ਬਦ ਦਾ ਅਨੁਵਾਦ ਇਬਰਾਨੀ ਸ਼ਬਦ ראשׁ *(ਰੋਸ਼)* ਤੋਂ ਕੀਤਾ ਗਿਆ ਹੈ ਜਿਸ ਦਾ ਸ਼ਾਬਦਿਕ ਅਰਥ ਹੈ "ਸਿਰ।" ਇਹ ਹਵਾਲਾ ਆਇਤ 23 ਵਿਚ ਦਰਸਾਈਆਂ ਗਈਆਂ ਕੌਮਾਂ ਦੇ "ਆਗੂਆਂ" (NIV) ਦਾ ਹੈ। **ਸੁੰਞੇ ਥਾਂ** ਦੇ ਸੰਬਧ ਵਿਚ ਜਿਸ

ਵਿਚ ਉਹ **ਭਟਕਦੇ** ਹਨ, ਇਕ ਟਿੱਪਣੀਕਾਰ ਨੇ ਕਿਹਾ ਹੈ, "'ਉਜਾੜ' ਉਲਝਣ ਨੂੰ ਦਰਸਾਉਂਦਾ ਹੈ ਜਿੱਥੋਂ ਬਾਹਰ ਨਿੱਕਲਣ ਦਾ ਕੋਈ ਰਸਤਾ ਨਹੀਂ ਹੈ, ਆਤਮਿਕ ਅਤੇ ਨੈਤਿਕ ਖਾਲੀਪਣ ਦੀ ਥਾਂ ਜਿੱਥੇ ਉਲਝਣ ਰਾਜ ਕਰਦੀ ਹੈ।"[8]

ਕਿਉਂਕਿ ਪਰਮੇਸ਼ੁਰ ਉਨ੍ਹਾਂ ਦੀ **ਮੱਤ ਨੂੰ ਲੈ ਲੈਂਦਾ ਹੈ**, ਇਸ ਲਈ ਆਗੂ ਇਕ ਅੰਨ੍ਹੇ ਆਦਮੀ ਵਰਗੇ ਹਨ ਜੋ ਹਨੇਰੇ ਵਿਚ ਆਪਣਾ ਰਾਹ ਮਹਿਸੂਸ ਕਰਦੇ ਹਨ (ਬਿਵਸਥਾ ਸਾਰ 28:29; ਰਸੂਲਾਂ ਦੇ ਕਰਤੱਬ 13:11) ਅਤੇ **ਸ਼ਰਾਬੀ ਵਾਂਙੁ** ਹਨ ਜਿਹੜੇ ਆਪਣੇ ਰਾਹ ਵਿਚ ਡਿੱਗਦੇ ਢਹਿੰਦੇ ਹੈ (ਜ਼ਬੂਰ 107:27)।

# ਪ੍ਰਾਸੰਗਿਕਤਾ

**ਸੱਚ ਬੋਲੋ (ਅਧਿਆਇ 12)**

ਪੁਰਾਣੀ ਕਹਾਵਤ, "ਡੰਡੇ ਅਤੇ ਪੱਥਰ ਮੇਰੀਆਂ ਹੱਡੀਆਂ ਤੋੜ ਸਕਦੇ ਹਨ, ਪਰ ਸ਼ਬਦਾਂ ਨਾਲ ਮੈਨੂੰ ਕੋਈ ਠੇਸ ਨਹੀਂ ਪਹੁੰਚੇਗੀ" ਇਕ ਝੂਠਾ ਕਥਨ ਹੈ। ਸੱਚਾਈ ਇਹ ਹੈ ਕਿ ਸਾਨੂੰ ਸਾਰਿਆਂ ਨੂੰ ਤਿੱਖੀ ਜੀਭ, ਕਠੋਰ ਸ਼ਬਦਾਂ, ਆਲੋਚਨਾਵਾਂ ਅਤੇ ਦੋਸ਼ਾਂ ਦੁਆਰਾ ਕਦੀ ਨਾ ਕਦੀ ਗਹਿਰੀ ਠੇਸ ਪਹੁੰਚੀ ਹੋਵੇਗੀ। ਇਸੇ ਕਰਕੇ ਬਾਈਬਲ ਉਨ੍ਹਾਂ ਹਵਾਲਿਆਂ ਨਾਲ ਭਰੀ ਪਈ ਹੈ ਜੋ ਸਾਨੂੰ ਆਪਣੀਆਂ ਜੀਭਾਂ ਦੀ ਨਿਗਰਾਨੀ ਕਰਨ ਅਤੇ ਅਸੀਂ ਜੋ ਕਹਿੰਦੇ ਹਾਂ ਅਤੇ ਕਿਵੇਂ ਕਹਿੰਦੇ ਹਾਂ ਉਸ ਬਾਰੇ ਸੁਚੇਤ ਰਹਿਣ ਦੀ ਚੁਣੌਤੀ ਦਿੰਦੇ ਹਨ। ਕਹਾਉਤਾਂ 25:11 ਕਹਿੰਦੀ ਹੈ, "ਟਿਕਾਣੇ ਸਿਰ ਆਖੇ ਹੋਏ ਬਚਨ ਚਾਂਦੀ ਦੀ ਝੰਜਰੀ ਵਿੱਚ ਸੋਨੇ ਦੇ ਸੇਬਾ ਵਰਗੇ ਹਨ।" ਯਾਕੂਬ 1:19 ਦੱਸਦੀ ਹੈ ਕਿ "ਹਰੇਕ ਮਨੁੱਖ ਸੁਣਨ ਵਿੱਚ ਕਾਹਲਾ ਅਤੇ ਬੋਲਣ ਵਿੱਚ ਧੀਰਾ ਅਤੇ ਕ੍ਰੋਧ ਵਿੱਚ ਵੀ ਧੀਰਾ ਹੋਵੇ।" ਅਫ਼ਸੀਆਂ 4:29 ਕਹਿੰਦੀ ਹੈ, "ਕੋਈ ਗੰਦੀ ਗੱਲ ਤੁਹਾਡੇ ਮੂੰਹੋਂ ਨਾ ਨਿੱਕਲੇ ਸਗੋਂ ਜਿਵੇਂ ਲੋੜ ਪਵੇ ਉਹ ਗੱਲ ਨਿੱਕਲੇ ਜਿਹੜੀ ਹੋਰਨਾਂ ਦੀ ਉੱਨਤੀ ਲਈ ਚੰਗੀ ਹੋਵੇ ਭਈ ਸੁਣਨ ਵਾਲਿਆਂ ਉੱਤੇ ਕਿਰਪਾ ਹੋਵੇ।" ਯਾਕੂਬ 3:2-10 ਦੱਸਦੀਆਂ ਹਨ:

> ਇਸ ਲਈ ਜੋ ਅਸੀਂ ਸੱਭੇ ਭੁੱਲਣਹਾਰ ਹਾਂ। ਜੇ ਕੋਈ ਬਚਨ ਵਿੱਚ ਨਾ ਭੁੱਲੇ ਤਾਂ ਉਹ ਸਿੱਧ ਪੁਰਸ਼ ਹੈ ਅਤੇ ਸਾਰੀ ਦੇਹੀ ਨੂੰ ਭੀ ਲਗਾਮ ਦੇ ਸੱਕਦਾ ਹੈ। ... ਜੀਭ ਵੀ ਇੱਕ ਛੋਟਾ ਜਿਹਾ ਅੰਗ ਹੈ ... ਕੇਡਾ ਵੱਡਾ ਬਣ ਕਿਹੀ ਨਿੱਕੀ ਜਿਹੀ ਅੱਗ ਨਾਲ ਬਲ ਉੱਠਦਾ ਹੈ! ਜੀਭ ਵੀ ਇੱਕ ਅੱਗ ਹੈ! ਸਾਰਿਆਂ ਅੰਗਾਂ ਵਿੱਚ ਕੁਧਰਮ ਦੀ ਦੁਨੀਆ ... ਪਰ ਜੀਭ ਨੂੰ ਕੋਈ ਵੱਸ ਵਿੱਚ ਨਹੀਂ ਕਰ ਸੱਕਦਾ। ਉਹ ਇੱਕ ਚੰਚਲ ਬਲਾ ਹੈ, ਉਹ ਨਾਸ ਕਰਨ ਵਾਲੀ ਵਿੱਸ ਨਾਲ ਭਰੀ ਹੋਈ ਹੈ। ਓਸੇ ਨਾਲ ਅਸੀਂ ਪ੍ਰਭੂ ਅਤੇ ਪਿਤਾ ਨੂੰ ਮੁਬਾਰਕ ਆਖਦੇ ਹਾਂ ਅਤੇ ਓਸੇ ਨਾਲ ਮਨੁੱਖਾਂ ਨੂੰ ਜਿਹੜੇ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਏ ਗਏ ਹਨ ਫਿਟਕਾਰ ਦਿੰਦੇ ਹਾਂ। ਇੱਕੋ ਮੂੰਹ ਵਿੱਚੋਂ ਬਰਕਤ ਅਤੇ ਫਿਟਕਾਰ ਨਿੱਕਲਦਾ ਹੈ! ਹੇ ਮੇਰੇ ਭਰਾਵੋ, ਏਹ ਗੱਲਾਂ ਇਉਂ ਨਹੀਂ ਹੋਣੀਆਂ ਚਾਹੀਦੀਆਂ ਹਨ!

ਅੱਯੂਬ ਅਤੇ ਉਸ ਦੇ ਤਿੰਨ ਮਿੱਤਰਾਂ ਵਿਚਕਾਰ ਵਾਰਤਾਲਾਪ ਉਦਾਸੀ ਭਰਿਆ ਹੈ, ਪਰ ਇਹ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਸੀ। ਅੱਯੂਬ 2:13 ਕਹਿੰਦੀ ਹੈ ਕਿ ਉਸ ਦੇ ਤਿੰਨ ਮਿੱਤਰਾਂ ਨੇ "ਵੇਖਿਆ ਕਿ ਉਹ ਦੀ ਪੀੜ ਡਾਢੀ ਹੈ।" ਪਰ, ਅੱਯੂਬ ਦੀ ਪੀੜ ਨੂੰ ਘੱਟ ਕਰਨ ਲਈ ਉਸ ਨੂੰ ਦਿਲਾਸਾ ਦੇਣ, ਹੱਲਾਸ਼ੇਰੀ ਦੇਣ ਅਤੇ ਉਸ ਦੀ ਮਦਦ ਕਰਨ ਦੀ ਬਜਾਇ, ਉਸ ਦੇ ਤਿੰਨਾਂ ਮਿੱਤਰਾਂ ਨੇ ਉਸ ਦੇ ਪ੍ਰਤੀ ਕਠੋਰ ਟਿੱਪਣੀਆਂ ਕੀਤੀਆਂ ਅਤੇ ਉਸ ਉੱਤੇ ਦੋਸ਼ ਲਗਾਏ। ਕਹਾਉਤਾਂ 18:2 ਕਹਿੰਦੀ ਹੈ, "ਮੂਰਖ ਸਮਝ ਤੋਂ ਖੁਸ਼ ਨਹੀਂ ਹੁੰਦਾ, ਪਰ ਇਸ ਤੋਂ ਭਈ ਉਹ ਦੇ ਮਨ ਦਾ

ਹਾਲ ਖੁੱਲ੍ਹ ਜਾਵੇ।" ਕੀ ਤੁਸੀਂ ਉਨ੍ਹਾਂ ਲੋਕਾਂ ਨੂੰ ਜਾਣਦੇ ਹੋ ਜਿਹੜੇ ਤੁਰੇ ਤੁਰੇ ਜਾਂਦੇ ਰਾਏ ਦਿੰਦੇ ਹਨ? ਸਾਡੇ ਪ੍ਰਭੂ ਦਾ ਭਰਾ ਸਹੀ ਸੀ ਜਦੋਂ ਉਸ ਨੇ ਕਿਹਾ, "ਹੇ ਭਰਾਵੋ, ਏਹ ਗੱਲਾਂ ਇਉਂ ਨਹੀਂ ਹੋਣੀਆਂ ਚਾਹੀਦੀਆਂ ਹਨ" (ਯਾਕੂਬ 3:10)। ਉਸ ਫ਼ਰਕ ਬਾਰੇ ਸੋਚੋ ਜੋ ਪੈਣਾ ਸੀ ਜੇ ਅੱਯੂਬ ਦੇ ਤਿੰਨ ਮਿੱਤਰਾਂ ਨੇ ਅੱਯੂਬ ਨੂੰ ਉਹੀ ਪ੍ਰਸ਼ਨ ਪੁੱਛਿਆ ਹੁੰਦਾ ਜੋ ਏਲੀਯਾਹ ਨੇ ਅਲੀਸ਼ਾ ਨੂੰ ਪੁੱਛਿਆ ਸੀ: "ਮੈਂ ਤੇਰੇ ਲਈ ਕੀ ਕਰਾਂ?" (2 ਰਾਜਿਆਂ 2:9; NIV)। ਸੋਚੋ ਕਿ ਉਨ੍ਹਾਂ ਨੇ ਅੱਯੂਬ ਨੂੰ ਕਿੰਨਾ ਦਿਲਾਸਾ ਦਿੱਤਾ ਹੁੰਦਾ ਜੇ ਸਿਰਫ ਉਨ੍ਹਾਂ ਨੇ ਇਹ ਕਿਹਾ ਹੁੰਦਾ, "ਸਾਨੂੰ ਵੀ ਤੇਰੇ ਲਈ ਦੁੱਖ ਹੈ।" ਮੇਰਾ ਮੰਨਣਾ ਹੈ ਕਿ ਸਨਸਨੀਖੇਜ਼ ਸੰਚਾਰ ਹਮੇਸ਼ਾ ਸੰਬੰਧਕ ਹੁੰਦਾ ਹੈ। ਹਰ ਟਿੱਪਣੀ ਜੋ ਅਸੀਂ ਕਰਦੇ ਹਾਂ ਜਾਂ ਤਾਂ ਸਾਡੇ ਸੰਬੰਧਾਂ ਨੂੰ ਬਰਕਤ ਦਿੰਦੀ ਹੈ ਜਾਂ ਸਾਡੇ ਸੰਬੰਧਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਅਫ਼ਸੋਸ ਦੀ ਗੱਲ ਹੈ ਕਿ ਇਨ੍ਹਾਂ ਮਨੁੱਖਾਂ ਕੋਲ ਅੱਯੂਬ ਨੂੰ ਇਸ ਢੰਗ ਨਾਲ ਜਵਾਬ ਦੇਣ ਦੀ ਬੁੱਧ, ਦੂਰਦਰਸ਼ਿਤਾ, ਜਾਂ ਦਯਾ ਨਹੀਂ ਸੀ ਜਿਸ ਢੰਗ ਨਾਲ ਉਸ ਨੂੰ ਬਰਕਤ ਮਿਲਦੀ ਅਤੇ ਉਸ ਨੂੰ ਦਿਲਾਸਾ ਮਿਲਦਾ।

ਜਦੋਂ ਅਸੀਂ ਅਧਿਆਇ 12 ਵਿਚ ਆਉਂਦੇ ਹਾਂ, ਅੱਯੂਬ ਨੂੰ ਉਸ ਦੇ ਤਿੰਨਾਂ ਮਿੱਤਰਾਂ ਦੀਆਂ ਗੱਲਾਂ ਨਾਲ ਠੇਸ ਪਹੁੰਚ ਚੁੱਕੀ ਸੀ। ਉਸ ਨੇ ਹੁਣੇ ਹੁਣੇ ਆਪਣੇ ਮਿੱਤਰ ਸੋਫ਼ਰ ਦੀ ਜੀਭ ਤੋਂ ਇਕ ਠੰਡੀ ਅਤੇ ਕਠੋਰ ਝਿੜਕ ਸੁਣੀ ਸੀ। ਅੱਯੂਬ ਕਿਵੇਂ ਉੱਤਰ ਦੇਵੇਗਾ? ਕੀ ਉਹ ਉਸ ਦੇ ਆਪਣੇ ਇਲਜ਼ਾਮਾਂ ਨੂੰ ਜ਼ੁਬਾਨੀ ਮੋੜ ਦੇਵੇਗਾ? ਕੀ ਉਹ ਵਿਅੰਗਾਤਮਕ ਹੋਵੇਗਾ ਅਤੇ ਆਪਣੇ ਦੋਸ਼ ਲਾਉਣ ਵਾਲਿਆਂ ਨੂੰ ਬੁਰਾ ਭਲਾ ਕਹੇਗਾ, ਜਾਂ ਉਹ ਆਪਣੀ ਜਗ੍ਹਾ ਤੇ ਕਾਇਮ ਰਹੇਗਾ ਅਤੇ ਸਿਰਫ ਸੱਚ ਬੋਲੇਗਾ?

*ਅੱਯੂਬ ਨੇ ਆਪਣੇ ਤਿੰਨ ਮਿੱਤਰਾਂ ਨੂੰ ਝਿੜਕ ਕੇ ਸ਼ੁਰੂਆਤ ਕੀਤੀ।* ਜਦੋਂ ਸੋਫ਼ਰ ਵਰਗਾ ਕੋਈ ਆਤਮ-ਧਰਮੀ ਹੁੰਦਾ ਹੈ ਅਤੇ ਉਹ ਸਾਡੇ ਤੇ ਜ਼ੁਬਾਨੀ ਹਮਲਾ ਕਰਦੇ ਹਨ, ਤਾਂ ਰੱਖਿਆਤਮਕ ਰਹਿਣਾ ਸੌਖਾ ਹੁੰਦਾ ਹੈ। ਇਕ ਬਚਾਅ ਕਾਰਜ ਵਿਧੀ ਜੋ ਲੋਕ ਅਕਸਰ ਜ਼ੁਬਾਨੀ ਆਲੋਚਨਾ ਨੂੰ ਹਟਾਉਣ ਅਤੇ ਠੇਸ ਨਾਲ ਨਜਿੱਠਣ ਲਈ ਵਰਤਦੇ ਹਨ ਉਹ ਹੈ ਵਿਅੰਗ। ਵਿਅੰਗ ਇਕ ਤਿੱਖੀ ਪ੍ਰਤੀਕਿਰਿਆ ਹੈ ਜਿਸ ਦਾ ਉਦੇਸ਼ ਟੀਚੇ ਨੂੰ ਤਾੜਨਾ ਹੈ ਅਤੇ ਇਹ ਅਕਸਰ ਕੱਟਣ ਵਾਲਾ ਅਤੇ ਦੁੱਖ ਨਾਲ ਭਰਪੂਰ ਹੁੰਦਾ ਹੈ। ਅੱਯੂਬ ਨੇ ਸੋਫ਼ਰ ਨੂੰ ਆਪਣੇ ਪ੍ਰਤੀਕਰਮ ਦੀ ਸ਼ੁਰੂਆਤ ਵਿਅੰਗ ਨਾਲ ਉਸ ਦੇ ਤਿੰਨ ਮਿੱਤਰਾਂ ਨੂੰ ਝਿੜਕਣ ਨਾਲ ਕੀਤੀ: "ਬੇਸ਼ੱਕ ਤੁਸੀਂ ਤਾਂ ਓਹ ਲੋਕ ਹੋ, ਜਿਨ੍ਹਾਂ ਦੇ ਨਾਲ ਬੁੱਧੀ ਮਰ ਜਾਵੇਗੀ!" (12:2)।

*ਅੱਯੂਬ ਸੱਚ ਬੋਲ ਕੇ ਆਪਣੀ ਜਗ੍ਹਾ ਤੇ ਕਾਇਮ ਰਿਹਾ।* ਅੱਯੂਬ ਦੇ ਵਿਅੰਗ ਨਾਲ ਆਪਣੇ ਤਿੰਨ ਮਿੱਤਰਾਂ ਨੂੰ ਝਿੜਕਣ ਤੋਂ ਬਾਅਦ, ਫਿਰ ਉਹ ਸੱਚ ਬੋਲ ਕੇ ਆਪਣੀ ਜਗ੍ਹਾ ਤੇ ਕਾਇਮ ਰਿਹਾ ਅਤੇ ਆਖਿਆ, "ਪਰ ਮੇਰਾ ਵੀ ਤੁਹਾਡੇ ਜਿਹਾ ਮਨ ਹੈ, ਮੈਂ ਤੁਹਾਡੇ ਨਾਲੋਂ ਰਿਹਾ ਹੋਇਆ ਨਹੀਂ" (12:3)। ਮੈਨੂੰ ਬਹੁਤ ਖੁਸ਼ੀ ਹੈ ਕਿ ਅੱਯੂਬ ਆਪਣੀ ਜਗ੍ਹਾ ਤੇ ਕਾਇਮ ਰਿਹਾ ਅਤੇ ਇਹ ਗੱਲ ਆਖੀ। ਅੱਯੂਬ ਇਕ ਬੁੱਧੀਮਾਨ ਮਨੁੱਖ ਸੀ ਅਤੇ ਉਹ ਆਪਣੇ ਤਿੰਨ ਮਿੱਤਰਾਂ ਨਾਲੋਂ ਘਟੀਆ ਨਹੀਂ ਸੀ। ਪਰਮੇਸ਼ੁਰ ਨੇ ਉਨ੍ਹਾਂ ਚਾਰਾਂ ਨੂੰ ਜੀਵਨ ਅਤੇ ਸਾਹ ਦਿੱਤੇ ਅਤੇ ਉਹ ਸਾਰੇ ਉਸ ਦੀ ਨਜ਼ਰ ਵਿਚ ਅਨਮੋਲ ਸਨ। ਇਨ੍ਹਾਂ ਤਿੰਨ ਮਿੱਤਰਾਂ ਵਾਂਗ, ਬਹੁਤ ਸਾਰੇ ਲੋਕਾਂ ਵਿਚ ਆਪਣੇ ਆਪ ਨੂੰ ਉੱਤਮ ਸਮਝਣ ਦੀ ਭਾਵਨਾ ਹੁੰਦੀ ਹੈ ਅਤੇ ਉਨ੍ਹਾਂ ਦੀ ਮਾਨਸਿਕਤਾ ਇਹ ਹੈ, "ਹੇ ਪਰਮੇਸ਼ੁਰ ਮੈਂ ਤੇਰਾ ਸ਼ੁਕਰ ਕਰਦਾ ਹਾਂ ਭਈ ਮੈਂ ਹੋਰਨਾਂ ਵਾਂਙੁ ਨਹੀਂ" (ਲੂਕਾ 18:11)। ਅੱਯੂਬ ਅੰਦਰ ਆਪਣੇ ਆਪ ਨੂੰ ਉੱਤਮ ਸਮਝਣ ਦੀ ਭਾਵਨਾ ਨਹੀਂ ਸੀ, ਪਰ ਉਸ ਦੇ ਅੰਦਰ ਹੀਨ ਭਾਵਨਾ ਵੀ ਨਹੀਂ ਸੀ। ਅੱਯੂਬ ਨਹੀਂ ਜਾਣਦਾ ਸੀ ਕਿ ਇਹ ਸਾਰੀਆਂ ਬਿਪਤਾਂ ਉਸ ਉੱਤੇ ਕਿਉਂ ਆਈਆਂ ਸਨ, ਪਰ ਉਹ ਇਹ ਜ਼ਰੂਰ ਜਾਣਦਾ ਸੀ ਕਿ ਉਸ ਦੇ ਤਿੰਨ ਮਿੱਤਰ ਉਸ ਨਾਲੋਂ ਉੱਤਮ

ਨਹੀਂ ਸਨ।

*"ਮੈਂ ਆਪਣੇ ਗੁਆਂਢੀ ਲਈ ਹਾਸੀ ਹਾਂ।"* ਆਇਤ 4 ਬਹੁਤ ਉਦਾਸੀ ਵਾਲੀ ਹੈ। ਕੋਈ ਵੀ ਵਿਅਕਤੀ ਹਾਸੇ ਦਾ ਪਾਤਰ ਅਤੇ ਮਿੱਤਰਾਂ ਲਈ ਮਜ਼ਾਕ ਜਾਂ ਹਾਸੀ ਬਣਨਾ ਪਸੰਦ ਨਹੀਂ ਕਰਦਾ। ਕਿਸੇ ਨੂੰ ਵੀ ਸ਼ਰਮਿੰਦਾ ਹੋਣਾ, ਮਖੌਲ ਉਡਾਇਆ ਜਾਣਾ ਜਾਂ ਬੇਇੱਜ਼ਤ ਹੋਣਾ ਪਸੰਦ ਨਹੀਂ ਹੁੰਦਾ। ਪਰ, ਆਇਤ 4 ਵਿਚ ਦੋ ਵਾਰ, ਅੱਯੂਬ ਨੇ ਜ਼ਿਕਰ ਕੀਤਾ ਕਿ ਉਸ ਨੇ ਇਸ ਤਰ੍ਹਾਂ ਮਹਿਸੂਸ ਕੀਤਾ ਜਿਵੇਂ ਉਸ ਦੇ ਮਿੱਤਰ ਉਸ ਨੂੰ ਮਜ਼ਾਕ ਸਮਝਦੇ ਸਨ। ਉਹ ਹੰਕਾਰੀ ਅਤੇ ਤੰਗ ਸੋਚ ਵਾਲੇ ਸਨ ਅਤੇ ਉਨ੍ਹਾਂ ਨੇ ਇਸ ਤੱਥ ਤੇ ਵਿਚਾਰ ਨਹੀਂ ਕੀਤਾ ਸੀ ਕਿ ਉਨ੍ਹਾਂ ਦੇ ਦ੍ਰਿਸ਼ਟੀਕੋਣ ਗਲਤ ਹੋ ਸਕਦੇ ਸਨ। ਉਹ ਉਨ੍ਹਾਂ ਵਿਚਾਰਾਂ ਨੂੰ ਸੱਚਾਈ ਦੇ ਰੂਪ ਵਿਚ ਸਵੀਕਾਰ ਕਰਨ ਲਈ ਤਿਆਰ ਨਹੀਂ ਸਨ ਜੋ ਅੱਯੂਬ ਨੇ ਇਸ ਮਾਮਲੇ ਵਿਚ ਉਸ ਦੀ ਨਿਰਦੋਸ਼ਤਾ ਦੇ ਸੰਬੰਧ ਵਿਚ ਉਨ੍ਹਾਂ ਨਾਲ ਸਾਂਝੇ ਕੀਤੇ ਸਨ। ਜਦੋਂ ਅੱਯੂਬ ਨੇ ਆਇਤ 5 ਵਿਚ ਟਿੱਪਣੀ ਕੀਤੀ, ਉਸ ਨੇ ਅਸਲ ਵਿਚ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਲਈ ਉਸ ਉੱਤੇ ਦੋਸ਼ ਲਾਉਣਾ ਅਤੇ ਦੁਰਵਿਹਾਰ ਕਰਨਾ ਸੌਖਾ ਹੈ ਜਦੋਂ ਉਹ ਉਨ੍ਹਾਂ ਹਾਲਾਤਾਂ ਵਿੱਚੋਂ ਕਦੇ ਨਹੀਂ ਗੁਜਰੇ ਸਨ ਜਿਨ੍ਹਾਂ ਵਿੱਚੋਂ ਅੱਯੂਬ ਗੁਜਰ ਰਿਹਾ ਸੀ।

*ਅੱਯੂਬ ਨੇ ਫਿਰ ਪਰਮੇਸ਼ੁਰ ਦੀ ਮਹਾਨਤਾ ਬਾਰੇ ਗੱਲ ਕਰਕੇ ਸੱਚ ਬੋਲਿਆ।* ਹਾਲਾਂਕਿ ਅੱਯੂਬ ਨੂੰ ਇਹ ਸਮਝ ਨਹੀਂ ਆਇਆ ਕਿ ਇਹ ਸਾਰੀਆਂ ਬਿਪਤਾਂ ਉਸ ਉੱਤੇ ਕਿਉਂ ਆਈਆਂ ਸਨ, 9 ਆਇਤ ਵਿਚ ਅੱਯੂਬ ਨੇ "ਯਹੋਵਾਹ ਦੇ ਹੱਥ" ਦਾ ਜ਼ਿਕਰ ਕੀਤਾ। ਅੱਯੂਬ ਨੇ ਸੱਚ ਬੋਲਿਆ ਜਦੋਂ ਉਸ ਨੇ ਆਪਣੇ ਮਿੱਤਰਾਂ ਨੂੰ ਦੱਸਿਆ ਕਿ ਪਰਮੇਸ਼ੁਰ ਬਾਰੇ ਬਹੁਤ ਸਾਰੀਆਂ ਗੱਲਾਂ ਉਹ ਅਜੇ ਆਪ ਨਹੀਂ ਸਮਝਿਆ ਸੀ ਖੁਦ ਸਮਝਾ ਨਹੀਂ ਸੀ ਸਕਦਾ। ਯਾਦ ਕਰੋ ਕਿ ਅੱਯੂਬ ਦੇ ਮਿੱਤਰਾਂ ਨੇ ਆਪਣੇ ਆਪ ਨੂੰ ਉਸ ਨਾਲੋਂ ਉੱਤਮ ਸਮਝਿਆ ਸੀ ਅਤੇ ਸਪੱਸ਼ਟ ਤੌਰ ਤੇ ਸੋਚਿਆ ਕਿ ਉਨ੍ਹਾਂ ਨੇ ਪਰਮੇਸ਼ੁਰ ਦੇ ਮਨ ਨੂੰ ਸਮਝ ਲਿਆ ਸੀ। ਅੱਯੂਬ ਨੇ ਆਪਣੇ "ਬੁੱਧੀਮਾਨ" ਮਿੱਤਰਾਂ ਨੂੰ ਇਹ ਵੇਖਣ ਲਈ ਜਾਨਵਰਾਂ ਅਤੇ ਪੰਛੀਆਂ ਨਾਲ ਬੈਠਣ ਲਈ ਕਿਹਾ ਕਿ ਉਹ ਉਨ੍ਹਾਂ ਦੇ ਆਉਣ ਤੋਂ ਪਰਮੇਸ਼ੁਰ ਬਾਰੇ ਕੁਝ ਸਿੱਖ ਸਕਦੇ ਸਨ (12:7, 8)। ਅੱਯੂਬ ਦੀ ਮੁੱਖ ਗੱਲ ਇਹ ਸੀ ਕਿ ਸਾਰੇ ਜਾਨਵਰਾਂ ਵਿਚ ਪਰਮੇਸ਼ੁਰ ਦੁਆਰਾ ਦਿੱਤੀ ਗਈ ਇਕ ਪ੍ਰਵਿਰਤੀ ਹੈ ਅਤੇ ਅਸੀਂ ਪਰਮੇਸ਼ੁਰ ਦੀ ਰਚਨਾਤਮਕ ਮਹਾਨਤਾ ਬਾਰੇ ਹਰ ਚੀਜ਼ ਦੀ ਵਿਆਖਿਆ ਨਹੀਂ ਕਰ ਸਕਦੇ ਅਤੇ ਨਾ ਹੀ ਅਸੀਂ ਸਭ ਕੁਝ ਇਸ ਬਾਰੇ ਵਿਆਖਿਆ ਕਰ ਸਕਦੇ ਹਾਂ ਕਿ ਕਿਵੇਂ, ਜਾਂ ਕਿਉਂ ਪਰਮੇਸ਼ੁਰ ਉਹ ਕਰਦਾ ਹੈ ਜੋ ਉਹ ਕਰਦਾ ਹੈ।

ਅੱਯੂਬ ਨੇ ਫਿਰ ਬਹੁਤ ਸਾਰੇ ਮਹਾਨ ਅਤੇ ਸ਼ਕਤੀਸ਼ਾਲੀ ਕੰਮਾਂ ਦਾ ਜ਼ਿਕਰ ਕੀਤਾ ਜੋ ਪਰਮੇਸ਼ੁਰ ਕਰ ਰਿਹਾ ਹੈ ਅਤੇ ਕਰਨ ਵਿਚ ਸਮਰੱਥ ਹੈ (12:13-25)। ਅੱਯੂਬ ਨੇ ਕਿਹਾ ਕਿ ਪਰਮੇਸ਼ੁਰ ਇਸ ਹੱਦ ਤੱਕ ਕਿਸੇ ਚੀਜ਼ ਨੂੰ ਢਾਹ ਸਕਦਾ ਹੈ ਕਿ ਉਸ ਨੂੰ ਦੁਬਾਰਾ ਬਣਾਇਆ ਨਹੀਂ ਜਾ ਸਕਦਾ (12:14)। ਅੱਯੂਬ ਨੇ ਸਮਝਾਇਆ ਕਿ ਜੇ ਪਰਮੇਸ਼ੁਰ ਚਾਹੁੰਦਾ, ਉਹ ਕਿਸੇ ਨੂੰ ਅਜਿਹਾ ਬੰਧਨ ਪਾਉਂਦਾ ਹੈ ਕਿ ਕੋਈ ਉਸ ਨੂੰ ਖੋਲ੍ਹ ਨਹੀਂ ਸਕਦਾ (12:14)। ਅੱਯੂਬ ਨੇ ਆਖਿਆ ਕਿ ਪਰਮੇਸ਼ੁਰ ਪਾਣੀਆਂ ਨੂੰ ਘੱਲ ਸਕਦਾ ਹੈ ਅਤੇ ਉਨ੍ਹਾਂ ਨੂੰ ਰੋਕ ਵੀ ਲੈਂਦਾ ਹੈ (12:15)। ਅਸੀਂ ਬਾਈਬਲ ਦੇ ਇਤਹਾਸ ਤੋਂ ਜਾਣਦੇ ਹਾਂ ਕਿ ਪਰਮੇਸ਼ੁਰ ਨੇ ਪਾਣੀਆਂ ਨੂੰ ਬਣਾਇਆ ਹੈ ਅਤੇ ਉਹ ਉਨ੍ਹਾਂ ਨੂੰ ਵੰਡਣ ਦੀ ਵੱਡੀ ਸ਼ਕਤੀ ਰੱਖਦਾ ਹੈ (ਉਤਪਤ 1:6, 9; ਕੂਚ 14:21; ਯਹੋਸ਼ੁਆ 3:13; 2 ਰਾਜਿਆਂ 2:8)। ਅੱਯੂਬ ਨੇ ਦੱਸਿਆ ਕਿ ਪਰਮੇਸ਼ੁਰ ਕੋਲ ਕੌਮਾਂ ਨੂੰ ਮਹਾਨ ਬਣਾਉਣ ਦੀ ਸ਼ਕਤੀ ਹੈ ਅਤੇ ਜੇ ਉਹ ਚਾਹੇ ਤਾਂ ਉਸ ਕੋਲ ਉਨ੍ਹਾਂ ਨੂੰ ਨਾਸ ਕਰਨ ਦੀ ਸ਼ਕਤੀ ਵੀ ਹੈ (12:23)।

**ਅੱਯੂਬ ਚਾਹੁੰਦਾ ਸੀ ਕਿ ਉਸ ਦੇ ਮਿੱਤਰ ਜਾਣ ਲੈਣ ਕਿ ਉਹ ਉਨ੍ਹਾਂ ਨਾਲੋਂ ਘਟੀਆ ਨਹੀਂ ਸੀ ਪਰ ਉਹ ਇਸ ਤੱਥ ਤੋਂ ਪੂਰੀ ਤਰ੍ਹਾਂ ਜਾਣੂ ਸੀ ਕਿ ਇਸ ਸੰਸਾਰ ਦਾ ਨਿਯੰਤਰਣ ਪਰਮੇਸ਼ੁਰ ਦੇ ਹੱਥ ਵਿਚ ਹੈ। ਇਸ ਲਈ, ਸੱਚ ਬੋਲਦਿਆਂ, ਅੱਯੂਬ ਚੁੱਪ ਨਹੀਂ ਰਿਹਾ ਅਤੇ ਉਸ ਨੇ ਆਪਣੇ ਮਿੱਤਰਾਂ ਨੂੰ ਉਸ ਉੱਤੇ ਦੋਸ਼ ਲਾਉਣ ਦਿੱਤਾ, ਉਸ ਨੂੰ ਉਨ੍ਹਾਂ ਦੀਆਂ ਗੱਲਾਂ ਨਾਲ ਠੇਸ ਪਹੁੰਚਾਉਣ ਦਿੱਤੀ, ਜਾਂ ਉਸ ਨੂੰ ਸ਼ਰਮਿੰਦਾ ਕਰਨ ਦਿੱਤਾ।**

***ਸਿੱਟਾ।*** **ਅਫ਼ਸੀਆਂ 4:15 ਹਰੇਕ ਮਸੀਹੀ ਵਿਅਕਤੀ ਨੂੰ "ਪ੍ਰੇਮ ਨਾਲ ਸੱਚ ਬੋਲਣ" ਦਾ ਹੁਕਮ ਦਿੰਦੀ ਹੈ। ਉਹ ਵੱਡਾ ਅਧਿਆਇ ਇਨ੍ਹਾਂ ਸ਼ਬਦਾਂ ਨਾਲ ਖਤਮ ਹੁੰਦਾ ਹੈ, "ਸਭ ਕੁੜੱਤਣ, ਕ੍ਰੋਧ, ਕੋਪ, ਰੌਲਾ, ਅਤੇ ਦੁਰਬਚਨ ਸਾਰੀ ਬੁਰਿਆਈ ਸਣੇ ਤੁਹਾਥੋਂ ਦੂਰ ਹੋਵੇ ਅਤੇ ਤੁਸੀਂ ਇੱਕ ਦੂਏ ਉੱਤੇ ਕਿਰਪਾਵਾਨ ਅਤੇ ਤਰਸਵਾਨ ਹੋਵੋ ..." (ਅਫ਼ਸੀਆਂ 4:31, 32)। ਅੱਯੂਬ ਨੇ ਸੱਚ ਬੋਲਿਆ ਸੀ।**

**ਐਫ. ਮਿਲਸ**

---

## ਟਿੱਪਣੀਆਂ

**[1]ਐਂਡਰਿਊ ਬਾਉਲਿੰਗ, "לָבַב, *ਲਬਾਬ,*" *ਥੀਓਲੋਜੀਕਲ ਵਰਡਬੁਕ ਆਫ਼ ਦਿ ਓਲਡ ਟੈਸਟਾਮੈਂਟ,* ਸੰਪਾ ਆਰ. ਲਾਇਰਡ ਹੈਰਿਸ, ਗਲੀਸਨ ਐਲ. ਆਰਚਰ, ਜੂਨੀਅਰ, ਅਤੇ ਬਰੂਸ ਕੇ. ਵਾਲਟਕੇ (ਸ਼ਿਕਾਗੋ: ਮੂਡੀ ਪ੍ਰੈਸ, 1980), 1:466. [2]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 207. [3]ਉਸੇ ਸਥਾਨ ਤੇ, 213. [4]ਰੌਬਰਟ ਐਲ. ਐਲਡਨ, *ਅੱਯੂਬ,* ਦ ਨਿਊ ਅਮੇਰੀਕਨ ਕਮੈਂਟਰੀ (ਐੱਨ.ਪੀ.: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 1993), 153. [5]ਫ੍ਰਾਂਸਿਸ ਬਰਾਊਨ, ਐਸ. ਆਰ. ਡਰਾਈਵਰਸ ਅਤੇ ਚਾਰਲਸ ਏ. ਬਰਿੱਗਸ, *ਏ ਹਿਬਰਿਊ ਐਂਡ ਇੰਗਲਿਸ਼ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ* (ਔਕਸਫੋਰਡ: ਕਲੈਰਨਡਨ ਪ੍ਰੈਸ, 1968), 451. [6]ਐਲਡਨ, 154. [7]ਉਸੇ ਸਥਾਨ ਤੇ, 155. [8]ਹੋਮਰ ਹੇਲੀ, *ਏ ਕਮੈਂਟਰੀ ਆਨ ਅੱਯੂਬ* (ਐੱਨ.ਪੀ.: ਰੀਲੀਜੀਅਸ ਸਪਲਾਈ ਇੰਕ., 1994), 121.**